ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ)ਪੰਜਾਬ

ਅਮਲਾ-2 ਸਾਖਾ

ਸੇਵਾ ਵਿਖੇ

ਰਾਜ ਦੇ ਸਮੂਹ ਜਿਲਾ ਸਿੱਖਿਆ ਅਫਸਰ(ਸੈ:ਸਿ)

ਮੀਮੋ ਨੰ: 20/577-12 ਅ2(5)

ਮਿਤੀ, ਚੰਡੀਗੜ: 26-11-12

ਵਿਸ਼ਾ: ਮਾਸਟਰ ਕਾਡਰ ਪੁਰਸ ਅਤੇ ਇਸਤਰੀਆਂ ਦੀ ਸੀਨੀਆਰਤਾ ਸੂਚੀ ਅਪ ਟੂ ਡੇਟ ਕਰਨ ਬਾਰੇ।

ਜਿਵੇ ਕਿ ਆਪ ਦੇ ਧਿਆਨ ਵਿਚ ਹੈ ਕਿ ਮਾਸਟਰ ਕਾਡਰ ਪੁਰਸ ਅਤੇ ਇਸਤਰੀਆਂ ਦੀ ਵੱਖਰੀ ਵੱਖਰੀ ਸੀਨੀਆਰਤਾ ਸੂਚੀ ਵਿਭਾਗ ਵੱਲੋਂ ਕਰਮਚਾਰੀਆਂ ਦੀ ਚੋਣ ਸਮੇ ਵਿਭਾਗੀ ਚੋਣ ਕਮੇਟੀ ਵਲੋ ਨਿਰਧਾਰਤ ਕੀਤੀ ਮੈਰਿਟ ਅਨੁਸਾਰ ਪਹਿਲਾਂ ਹੀ ਫਾਈਨਲਾਈਜ ਕੀਤੀ ਜਾ ਚੁੱਕੀ ਹੈ। ਇਹ ਸੀਨੀਆਰਤਾ ਸੂਚੀਆਂ ਵਿਭਾਗ ਦੀ ਵੈਬਸਾਈਟ ਤੇ ਅਪ ਲੋਡ ਕਰ ਦਿੱਤੀਆਂ ਗਈਆਂ ਹਨ। ਪੁਰਸ ਕਾਡਰ ਦੇ ਸੀਨੀਆਰਤਾ ਸੂਚੀ ਵਿਚ ਬਹੁਤ ਸਾਰੇ ਉਮੀਦਵਾਰਾਂ ਦਾ ਕੇਵਲ ਨਾਮ ਅਤੇ ਉਹਨਾਂ ਦੀ ਮੈਰਿਟ ਦਾ ਹੀ ਵੇਰਵਾ ਦਰਜ ਕੀਤਾ ਹੈ ਜਦੋ ਕਿ ਬਾਕੀ ਵੇਰਵੇ ਸੀਨੀਆਰਤਾ ਸੂਚੀ ਵਿਚ ਦਰਜ ਨਹੀ ਹਨ ਜਿਸ ਕਾਰਨ ਇਸ ਸੀਨੀਆਰਤਾ ਸੂਚੀ ਦੇ ਅਧਾਰ ਤੇ ਤਰੱਕੀਆਂ ਆਦਿ ਕਰਨ ਵਿਚ ਮੁਸਕਲ ਪੇਸ ਆ ਰਹੀ ਹੈ। ਸਬੰਧਤ ਕਰਮਚਾਰੀ / ਸਕੂਲ ਮੱਖੀਆਂ ਵੱਲੋ ਪਹਿਲਾਂ ਮੰਡਲ ਸਿੱਖਿਆ ਅਫਸਰ ਜਲੰਧਰ/ਨਾਭਾ ਵਲੋ ਕਰਮਚਾਰੀਆਂ ਦੇ ਵੇਰਵੇ ਮੰਗਣ ਸਬੰਧੀ ਜਾਰੀ ਪੱਤਰਾਂ ਦੇ ਹਵਾਲੇ ਵਿਚ ਲੋੜੀਦੇ ਵੇਰਵੇ ਨਾ ਭੇਜਣ ਕਾਰਨ ਅਜਿਹੀਆਂ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਆਪ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਨਾਲ ਨੱਥੀ ਪ੍ਰਫਾਰਮੇ ਵਿਚ ਜਿਹਨਾਂ ਕਰਮਚਾਰੀਆਂ ਦੇ ਵੇਰਵੇ ਸੀਨੀਆਰਤਾ ਵਿਚ ਦਰਜ ਨਹੀ ਹਨ ਅਤੇ ਸੀਨੀਆਰਤਾ ਵਿਚ ਨਾਮ ਦਰਜ ਨਹੀ ਹਨ। ਅਜਿਹੇ ਕਰਮਚਾਰੀਆਂ ਦੇ ਵੇਰਵੇ 10 ਦਿਨਾਂ ਦੇ ਅੰਦਰ ਅੰਦਰ ਸਬੰਧਤ ਮੰਡਲ ਸਿੱਖਿਆ ਅਫਸਰ (ਪਰਸ ਕੇਸਾਂ ਵਿਚ )ਜਲੰਧਰ ਅਤੇ ਇਸਤਰਤੀਆਂ ਦੇ ਕੇਸਾਂ ਵਿਚ ਮੰਡਲ ਸਿੱਖਿਆ ਅਫਸਰ ਨਾਭਾ ਵਿਖੇ ਪੁੱਜਦੇ ਕੀਤੇ ਜਾਣ। ਤਾਂ ਜੋ ਸੀਨੀਆਰਤਾ ਸੂਚੀ ਮੁਕੰਮਲ ਕੀਤੀ ਜਾ ਸਕੇ।

ਸਹਾਇਕ ਡਾਇਰੈਕਟਰ(ਸ:ਪ੍ਰ:2)

ਪਿਠ ਅੰਕਣ ਨੰ: ਉਕਤ ਮਿਤੀ,

ਉਤਾਰਾ ਮੰਡਲ ਸਿੱਖਿਆ ਅਫਸਰ ਨਾਭਾ ਅਤੇ ਜਲੰਧਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵੇਰਵੇ ਤੁਰੰਤ ਮੁਕੰਮਲ ਕਰਕੇ ਵਿਭਾਗ ਨੂੰ ਭੇਜੇ ਜਾਣ ਅਤੇ ਸੀਨੀਆਰਤਾ ਸੂਚੀ ਮੁਕੰਮਲ ਕੀਤੀ ਜਾ ਸਕੇ।

ਸਹਾਇਕ ਡਾਇਰੈਕਟਰ(ਸ:ਪ੍ਰ:2)